ਪ੍ਰ 3. ਸ਼ਬਦ ਤੋਂ ਕੀ ਭਾਵ ਹੈ? ਵਿਸਥਾਰ ਸਹਿਤ ਚਰਚਾ ਕਰੋ ਜਾਂ
ਸ਼ਬਦ ਦਾ ਵਰਗੀਕਰਨ ਕਰੋ।

ਉੱਤਰ: ਭਾਸ਼ਾ ਅਧਿਐਨ ਦੇ ਸ਼ੁਰੂ ਤੋਂ ਲੈ ਕੇ ਅੱਜ ਤੱਕ
ਸ਼ਬਦ ਚਰਚਾ ਦਾ ਵਿਸ਼ਾ ਰਿਹਾ ਹੈ, ਇਸ ਲਈ ਇਸ ਦੀ
ਪੂਰਨ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਪਰ
ਫਿਰ ਵੀ ਅਸੀਂ ਕੁੱਝ ਵਿਦਵਾਨ ਸ਼ਬਦ ਦੀ
ਪਰਿਭਾਸ਼ਾ ਬਾਰੇ ਲਿਖਦੇ ਹਨ ਕਿ "ਸ਼ਬਦ ਵਾਕ

ਵਿਚ ਅਤੇ ਵਾਕ ਤੋਂ ਘਾਟ ਸੰਬੰਧ ਇਕ ਵਿਆਕਰਣਿਕ ਇਕਾਈ ਹੈ। ਹਰ ਸ਼ਬਦ ਇਕੋ ਵਿਆਕਰਣਿਕ ਕਾਰਜ ਦਾ ਧਾਰਨੀ ਹੁੰਦਾ ਹੈ। ਜਿਸ ਦਾ ਸੰਬੰਧ ਭਾਸ਼ਾ ਦੇ ਰੂਪ ਅਤੇ ਅਰਥ ਦੋਵਾਂ ਨਾਲ ਹੁੰਦਾ ਹੈ। ਰੂਪ ਵਿਗਿਆਨਿਕ ਦ੍ਰਿਸ਼ਟੀ ਤੋਂ ਸ਼ਬਦ ਛੋਟੀ ਤੋਂ ਛੋਟੀ ਪਰ ਭਾਵੰਸ਼ ਤੋਂ ਵੱਡੀ ਸੁਤੰਤਰ ਅਰਥਾਂ ਦੀ ਵਰਤੋਂ ਵਾਲੀ ਭਾਸ਼ਕ ਇਕਾਈ ਹੈ। ਸ਼ਬਦ ਨੂੰ ਹੇਠ ਲਿਖੇ ਨੁਕਤਿਆਂ ਅਨੁਸਾਰ ਪਰਿਭਾਸ਼ਿਤ ਕੀਤਾ ਜਾਂਦਾ ਹੈ।

1. ਸ਼ਬਦ ਰਚਨਾਤਮਕ ਅਤੇ ਗਠਿਤ ਇਕਾਈ: ਪੰਜਾਬੀ ਭਾਸ਼ਾ ਦੇ ਵਿਆਕਰਣ ਵਿਚ 'ਸ਼ਬਦ' ਇਕ ਰਚਨਾਤਮਕ ਅਤੇ ਗਠਿਤ ਇਕਾਈ ਦਾ ਕਾਰਜ ਕਰਦਾ ਹੈ ਰਚਨਾਤਮਕ ਇਕਾਈ ਵਜੋਂ ਇਹ ਆਪਣੇ ਤੋਂ ਵੱਡੀਆਂ ਇਕਾਈਆਂ ਵਾਕੰਸ਼, ਉਪਵਾਕ, ਵਾਕ ਦੀ ਰਚਨਾ ਕਰਦਾ ਹੈ ਜਦ ਕਿ ਗਠਿਤ ਇਕਾਈ ਹੁੰਦਿਆਂ ਇਹ ਆਪਣੇ ਤੋਂ ਛੋਟੀਆਂ ਇਕਾਈਆਂ ਭਾਵੰਸ਼ਾਂ ਦਾ ਬਣਿਆ ਹੁੰਦਾ ਹੈ। ਭਾਵ ਸ਼ਬਦ ਦੀ ਬਣਤਰ ਵਿਚ ਇਕ ਤੋਂ ਵੱਧ ਭਾਵੰਸ਼ ਜੁੜੇ ਹੋਏ ਹੁੰਦੇ ਹਨ। ਜਿਵੇਂ - ਮੁੰਡਾ = ਮੁੰਡ + ਆ, ਅਣਪੜ੍ਹ = ਅਣ + ਪੜ੍ਹ, ਅਣਵਿਆਹੀਆਂ = ਅਣ + ਵਿਆ + ਹੀ + ਆਂ।

2. ਸ਼ਬਦ ਮੁਕਤ ਸਾਰਥਕ ਇਕਾਈ: ਇਹ ਭਾਸ਼ਾ ਦੀ ਛੋਟੀ ਤੋਂ ਛੋਟੀ ਮੁਕਤ ਸਾਰਥਕ ਇਕਾਈ ਹੈ ਭਾਵ ਵਿਆਕਰਣ ਪੱਖ ਤੋਂ ਸ਼ਬਦ ਛੋਟੀ ਤੋਂ ਛੋਟੀ ਸੁਤੰਤਰ ਇਕਾਈ ਹੈ। ਹਰ ਸ਼ਬਦ ਮੁਕਤ ਰੂਪ ਵਿਚ ਕਿਸੇ ਅਰਥਾਂ ਦਾ ਵਾਹਕ ਹੁੰਦਾ ਹੈ। ਇਹ ਅਰਥ ਦੋ ਤਰ੍ਹਾਂ ਦੇ ਹੁੰਦੇ ਹਨ।

1. ਕੋਸ਼ਗਤ ਅਰਥ 2. ਵਿਆਕਰਣਿਕ ਅਰਥ

- ਕੋਸ਼ਗਤ ਅਰਥਾਂ ਵਜੋਂ ਇਹ ਸੀਰੰਤਰ ਦਾ ਵਸਤੂ ਗਤ ਅਰਥ ਸੰਚਾਰਦਾ ਹੈ।
- ਵਿਆਕਰਣਿਕ ਪੱਖੋਂ ਇਹ ਸ਼ਬਦਾਂ ਦੇ ਲਿੰਗ, ਵਚਨ, ਕਾਰਕ ਆਦਿ ਦਾ ਨਿਰਧਾਰਕ ਹੁੰਦਾ ਹੈ। ਜਿਵੇਂ 'ਕੁਰਸੀ' ਸ਼ਬਦ ਵਿੱਚ ਨਿਸ਼ਚਿਤ ਵਸਤੂ 'ਜਿਸ ਉੱਤੇ ਬੈਠਣ ਦਾ ਕੰਮ ਲਿਆ ਜਾਂਦਾ ਹੈ।' ਦਾ ਕੋਸ਼ੀ ਅਰਥ ਸੰਚਾਰਦਾ ਹੈ। ਪਰ ਦੂਜੇ ਪਾਸੇ ਇਸਤਰੀ ਲਿੰਗ ਇਕ ਵਚਨ ਦਾ ਸੰਕੇਤ ਵੀ ਦਿੰਦਾ ਹੈ, ਜੋ ਇਸਦਾ ਵਿਆਕਰ-ਣਿਕ ਪੱਖ ਹੈ।

3. ਸ਼ਬਦ ਭਾਸ਼ਾ ਵਿੱਚ ਵਿਕਾਰੀ ਸੈੱਟ ਦੇ ਰੂਪ ਵਿਚ/ਕਾਰਜ ਕਰਦੇ ਹਨ :

ਸ਼ਬਦ ਵਿਆਕਰਣਿਕ ਇਕਾਈ ਨੂੰ ਸਮਝਣ ਲਈ ਤੀਜਾ ਮਹੱਤਵਪੂਰਨ ਇਹ ਹੈ ਕਿ ਸ਼ਬਦ ਭਾਸ਼ਾ ਵਿੱਚ ਅਤੇ ਵਿਆਕਰਨ ਵਿੱਚ ਵਿਕਾਰੀ ਸੈੱਟ ਦੇ ਰੂਪ ਵਿੱਚ ਕਾਰਜਸ਼ੀਲ ਹੁੰਦੇ ਹਨ, ਜਿਵੇਂ - ਮੁੰਡਾ, ਮੁੰਡੇ, ਮੁੰਡਿਓ ਮੁੰਡਿਆਂ ਆਦਿ। ਇੱਕ ਹੀ ਸ਼ਬਦ ਦੇ ਅਲੱਗ ਰੂਪ ਹਨ ਇਸ ਤੋਂ ਭਾਵ ਹੈ ਕਿ ਸ਼ਬਦ ਇੱਕ ਰੂਪ ਵਾਂਗ ਇਕਾਈ ਹੈ ਅਤੇ ਸ਼ਬਦ ਦੇ ਮੂਲ ਰੂਪ ਤੋਂ ਕਈ ਰੂਪਸ਼ਬਦ ਬਣ ਸਕਦੇ ਹਨ।

4. ਸ਼ਬਦ ਆਂਤਰਿਕ ਜੋੜਾਂ ਦਾ ਧਾਰਨੀ ਹੁੰਦਾ ਹੈ:-

ਭਾਸ਼ਾ ਦਾ ਹਰੇਕ ਸ਼ਬਦ ਭਾਸ਼ਾ ਤੱਤਾਂ ਦੇ ਆਂਤਰਿਕ ਜੋੜਾਂ ਦਾ ਧਾਰਨੀ ਹੁੰਦਾ ਹੈ। ਜੇਕਰ ਵਾਕ ਵਿੱਚ ਸ਼ਬਦ ਦਾ ਸਥਾਨ ਬਦਲਣਾ ਹੋਵੇ ਤਾਂ ਉਸ ਦੇ ਅਗੇਤਰ, ਪਛੇਤਰ ਤੱਤਾਂ ਨੂੰ ਹੀ ਬਦਲਣਾ ਪੈਂਦਾ ਹੈ।
ਜਿਵੇਂ :- ਕੁੜੀਆਂ ਰੋਟੀ ਪਕਾ ਰਹੀਆਂ ਹਨ।
→ ਰੋਟੀਆਂ ਕੁੜੀਆਂ ਦੁਆਰਾ ਪਕਾਈਆਂ ਜਾ ਰਹੀਆਂ ਹਨ।

5. ਭਾਸ਼ਾ ਵਿੱਚ ਸ਼ਬਦ ਇੱਕ ਇਕਾਈ ਵਜੋਂ ਕਾਰਜਸ਼ੀਲ

ਹੁੰਦਾ ਹੈ:- ਭਾਸ਼ਾ ਚਿੰਨ੍ਹਾਂ ਦਾ ਪ੍ਰਬੰਧ ਹੈ। ਚਿੰਨ੍ਹ ਪ੍ਰਬੰਧ ਦੀ ਮੂਲ ਇਕਾਈ ਵਿਆਕਰਨ ਪੱਖੋਂ ਸ਼ਬਦ ਹੈ। ਭਾਸ਼ਾ ਵਸਤੂਗਤ ਜਗਤ ਦਾ ਭਾਸ਼ਕ ਰੂਪਾਂਤਰਨ ਹੈ। ਇਹ ਭਾਸ਼ਕ ਚਿੰਨ੍ਹ ਆਪਣੇ ਆਪ ਅਰਥਾਂ ਦੇ ਧਾਰਨੀ ਨਹੀਂ ਹੁੰਦੇ ਸਗੋਂ ਇਹਨਾਂ ਦੇ ਅਰਥ ਦੂਜੇ ਸ਼ਬਦਾਂ ਦੇ ਵਿਰੋਧ ਵਿੱਚ ਸਥਾਪਿਤ ਹੁੰਦੇ ਹਨ। ਹਰ ਸ਼ਬਦ ਆਪਣੇ ਵਿਰੋਧੀ ਅਰਥਾਂ ਵਾਲੇ ਸ਼ਬਦਾਂ ਦੀ ਹੋਂਦ ਵਿੱਚ ਅਰਥ ਰੱਖਦਾ ਹੈ। ਇਹ ਭਾਸ਼ਕ ਚਿੰਨ੍ਹ ਦੇ ਦੋ ਪੱਖ ਹਨ - ਸ਼ਬਦ ਸੰਕਲਪ ਅਤੇ ਧੁਨੀ ਬਿੰਬ ਸ਼ਬਦ ਸੰਕਲਪ ਰੂਪ ਵਿੱਚ ਸਾਡੇ ਭਾਸ਼ਾ ਭੰਡਾਰ ਵਿੱਚ ਟਿਕਿਆ ਹੁੰਦਾ ਹੈ। ਇਹ ਧੁਨੀ ਬਿੰਬ ਬਣ ਕੇ ਸ੍ਰੋਤੇ ਤੱਕ ਪਹੁੰਚਦਾ ਹੈ ਅਤੇ ਅਰਥਾਂ ਦਾ ਸੰਚਾਰ ਕਰਦਾ ਹੈ।

ਇਸ ਪ੍ਰਕਾਰ ਸ਼ਬਦ ਰੂਪੀ ਇਕਾਈ ਆਪਣੇ ਤੋਂ ਛੋਟੇ ਤੱਤਾਂ ਦੁਆਰਾ ਘੜੀ ਹੁੰਦੀ ਹੈ ਅਤੇ ਆਪਣੇ ਤੋਂ ਵੱਡੇ ਤੱਤਾਂ ਦੀ ਘਾੜਤ ਕਰਦੀ ਹੈ।

## ਸ਼ਬਦ ਦਾ ਵਰਗੀਕਰਨ:

ਪੰਜਾਬੀ ਭਾਸ਼ਾਂ ਦੇ ਸ਼ਬਦਾਂ ਨੂੰ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕੀਤਾ ਜਾਂਦਾ ਹੈ:

ਵਰਗੀਕਰਨ

- ਰੂਪ ਦੇ ਪੱਖ ਤੋਂ
- ਵਿਉਂਤਪੱਤੀ ਦੇ ਪੱਖ ਤੋਂ
- ਅਰਥ ਸਿਰਜਣਾ ਦੀ ਦ੍ਰਿਸ਼ਟੀ ਤੋਂ
- ਪ੍ਰਕਾਰਜੀ ਦ੍ਰਿਸ਼ਟੀ ਤੋਂ
- ਬਣਤਰ ਦੇ ਆਧਾਰ ਤੇ
- ਅਰਥ ਸੰਬੰਧਾਂ ਦੇ ਆਧਾਰ ਤੇ

1. ਰੂਪ ਦੇ ਪੱਖ ਤੋਂ ਵਰਗੀਕਰਨ : ਰੂਪ ਦੇ ਪੱਖ ਤੋਂ ਸ਼ਬਦਾਂ ਦੀ ਵਿਭਿੰਨ ਸਥਿਤੀਆਂ ਵਿਚ ਭਾਸ਼ਾਈ ਵਰਤੋਂ ਦੌਰਾਨ ਤਬਦੀਲੀ ਵਾਪਰਦੀ ਹੈ। ਇਸ ਪੱਖ ਤੋਂ ਸ਼ਬਦਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ:

1. ਵਿਕਾਰੀ ਸ਼ਬਦ          2. ਅਵਿਕਾਰੀ ਸ਼ਬਦ

1. ਵਿਕਾਰੀ ਸ਼ਬਦ : ਜਿਨ੍ਹਾਂ ਸ਼ਬਦਾਂ ਦਾ ਰੂਪ ਇੱਕ ਸਮਾਨ ਨਹੀਂ ਰਹਿੰਦਾ ਭਾਵ ਵਿਭਿੰਨ ਤਰ੍ਹਾਂ ਦੀ ਭਾਸ਼ਾਈ ਵਰਤੋਂ ਵੇਲੇ ਜਿਹੜੇ ਸ਼ਬਦਾਂ ਦਾ ਰੂਪ ਬਦਲ ਜਾਂਦਾ ਹੈ। ਉਹਨਾਂ ਨੂੰ ਵਿਕਾਰੀ ਸ਼ਬਦ ਕਿਹਾ ਜਾਂਦਾ ਹੈ। ਪੰਜਾਬੀ ਵਿਚ ਵਿਕਾਰੀ ਸ਼ਬਦ ਲਿੰਗ, ਵਚਨ, ਪੁਰਖ, ਕਾਲ, ਵਾਚ ਆਦਿ ਦੇ ਪ੍ਰਭਾਵ ਅਧੀਨ ਬਦਲਦੇ ਹਨ। ਜਿਵੇਂ :- ਕੁੜੀ, ਕੁੜੀਆਂ, ਕੁੜੀਏ, ਕੁੜੀਓ ਆਦਿ

2. ਅਵਿਕਾਰੀ ਸ਼ਬਦ : ਉਹ ਸ਼ਬਦ ਜੋ ਵਿਭਿੰਨ ਤਰ੍ਹਾਂ ਦੀ ਭਾਸ਼ਾਈ ਵਰਤੋਂ ਵੇਲੇ ਸਮਾਨ ਰੂਪ ਵਿਚ ਟਿਕੇ ਰਹਿੰਦੇ ਹਨ ਭਾਵ ਆਪਣਾ ਰੂਪ ਨਹੀਂ ਬਦਲਦੇ, ਉਹਨਾਂ ਨੂੰ ਅਵਿਕਾਰੀ ਸ਼ਬਦ ਕਿਹਾ ਜਾਂਦਾ ਹੈ।

ਜਿਵੇਂ:- ਨੇ, ਨੂੰ, ਤੋਂ, ਕਿਉਂਕਿ, ਜਦਕਿ ਆਦਿ।

ਪੰਜਾਬ ਵਿਚ ਕ੍ਰਿਆ ਵਿਸ਼ੇਸ਼ਣ, ਯੋਜਕ, ਸੰਬੰਧਕ, ਵਿਸਮਿਕ ਸ਼ਬਦ ਅਵਿਕਾਰੀ ਹਨ।

2. ਵਿਉਤਪਤੀ ਦੇ ਪੱਖ ਤੋਂ ਵਰਗੀਕਰਨ : ਵਿਉਤਪਤੀ ਦੀ ਦ੍ਰਿਸ਼ਟੀ ਤੋਂ ਪੰਜਾਬੀ ਵਿਆਕਰਨ ਵਿਚ ਪੰਜਾਬੀ ਸ਼ਬਦਾਂ ਨੂੰ ਤਿੰਨ ਵਰਗਾਂ ਵਿਚ ਵੰਡਿਆ ਜਾਂਦਾ ਹੈ:-

1. ਰੂੜ੍ਹ          2. ਯੋਗਿਕ          3. ਯੋਗ ਰੂੜ੍ਹ

1. ਰੂੜ੍ਹ ਸ਼ਬਦ :- ਇਸ ਵਰਗ ਵਿੱਚ ਸਾਰੇ ਮੂਲ ਜਾਂ ਧਾਤੂ ਸ਼ਬਦ ਆ ਜਾਂਦੇ ਹਨ ਭਾਵ ਅਗੇਤਰਾਂ, ਪਿਛੇਤਰਾਂ ਤੋਂ ਬਿਨਾਂ ਅਤੇ ਵਿਕਾਰ ਤੋਂ ਬਿਨਾਂ ਮੂਲ ਸ਼ਬਦ ਰੂੜ੍ਹ ਸ਼ਬਦ ਕਹਾਉਂਦੇ ਹਨ, ਜਿਵੇਂ :- ਕਰ, ਖਾ, ਜਾ, ਮਰ ਆਦਿ।

2. ਯੋਗਿਕ ਸ਼ਬਦ :- ਇਸ ਵਰਗ ਵਿੱਚ ਉਹ ਸਾਰੇ ਸ਼ਬਦ ਆ ਜਾਂਦੇ ਹਨ ਜਿਹੜੇ ਵਿਉਤਪੱਤ ਹੁੰਦੇ ਹਨ ਜਾਂ ਸਮਾਸ ਵਿਧੀ ਨਾਲ ਬਣਦੇ ਹਨ। ਜਿਵੇਂ :- ਘਰ-ਬਾਰ, ਘੋੜ-ਦੌੜ, ਉੱਚਾ-ਨੀਵਾਂ ਆਦਿ।

3. ਯੋਗ ਰੂੜ੍ਹ :- ਇਸ ਵਰਗ ਦੇ ਸ਼ਬਦ ਪੰਜਾਬੀ ਭਾਸ਼ਾ ਵਿੱਚ ਨਹੀਂ ਮਿਲਦੇ ਹਨ।

## 3. ਅਰਥ ਸਿਰਜਣਾ ਦੀ ਦ੍ਰਿਸ਼ਟੀ ਤੋਂ ਵਰਗੀਕਰਨ :-

ਅਰਥ ਸਿਰਜਣਾ ਦੀ ਦ੍ਰਿਸ਼ਟੀ ਤੋਂ ਸ਼ਬਦਾਂ ਦੀ ਵਰਗ ਵੰਡ ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਅਰਥਾਂ ਨੂੰ ਆਧਾਰ ਬਣਾ ਕੇ ਕੀਤੀ ਗਈ ਹੈ। ਜੋ ਹੇਠ ਲਿਖੇ ਅਨੁਸਾਰ ਹੈ :-

1. ਵਾਚਕ :- ਆਮ ਪ੍ਰਚਲਿਤ ਅਰਥਾਂ ਦਾ ਬੋਧ ਕਰਾਉਣ ਵਾਲੇ ਸ਼ਬਦਾਂ ਨੂੰ ਵਾਚਕ ਕਿਹਾ ਜਾਂਦਾ ਹੈ। ਵਾਚਕ ਸ਼ਬਦਾਂ ਤੋਂ ਭਾਵ ਕੋਸ਼ੀ ਅਰਥਾਂ ਵਾਲੇ ਸ਼ਬਦਾਂ ਤੋਂ ਹੈ। ਜਿਵੇਂ :- ਘੋੜੇ ਦਾ ਅਰਥ ਇੱਕ ਵਿਸ਼ੇਸ਼ ਪਸ਼ੂ ਹੈ।

2. ਲਾਖਣਿਕ :- ਲਾਖਣਿਕ ਸ਼ਬਦ ਵਾਚਕ ਤੋਂ ਵੱਖਰੇ ਅਰਥ ਦੱਸਦੇ ਹਨ। ਜਿਵੇਂ :- ਗਧਾ 'ਮੂਰਖ' ਲਈ ਵਰਤਿਆ ਜਾਂਦਾ ਹੈ।

ਵਾਚਕ ਅਰਥਾਂ ਤੋਂ ਵਧੇਰੇ ਅਰਥਾਂ ਦਾ ਸੰਚਾਰ ਕਰਨ ਵਾਲੇ ਸ਼ਬਦਾਂ ਨੂੰ ਲਾਖਣਿਕ ਸ਼ਬਦ ਕਿਹਾ ਜਾਂਦਾ ਹੈ।

3. **ਵਿਅੰਜਕ** : ਅਜਿਹੇ ਸ਼ਬਦ ਜਿਨ੍ਹਾਂ ਵਿੱਚ ਵਿਅੰਗ ਹੁੰਦਾ ਹੈ, ਉਨ੍ਹਾਂ ਨੂੰ ਵਿਅੰਜਕ ਸ਼ਬਦ ਕਿਹਾ ਜਾਂਦਾ ਹੈ। ਇੱਥੇ ਸ਼ਬਦਾਂ ਦਾ ਵਿਅੰਗ ਅਰਥ ਪ੍ਰਧਾਨ ਬਣਦਾ ਹੈ

ਜਿਵੇਂ: 1.) ਗੰਗਾ ਅਰ ਵਿੱਚ ਹੈ।

2.) ਸੰਧਿਆ ਹੋ ਗਈ ਹੈ।

ਇਨ੍ਹਾਂ ਵਾਕਾਂ ਵਿੱਚ ਗੰਗਾਂ ਪਵਿੱਤਰਤਾ ਅਤੇ ਸੰਧਿਆ ਦੀਵਾ ਬਾਲ ਲੈਣਾ ਦੇ ਅਰਥਾਂ ਦਾ ਵਿਅੰਗਾਤਮਕ ਅਰਥ ਹੈ।

## 4. ਪ੍ਰਕਾਰਜੀ ਦ੍ਰਿਸ਼ਟੀ ਤੋਂ ਸ਼ਬਦਾਂ ਦੀ ਵਰਗ ਵੰਡ :

ਪ੍ਰਕਾਰਜੀ ਦ੍ਰਿਸ਼ਟੀ ਤੋਂ ਸ਼ਬਦ ਦੋ ਤਰ੍ਹਾਂ ਦੇ ਹੁੰਦੇ ਹਨ।

1. ਅਰਥ ਪ੍ਰਕਾਰਜੀ 2. ਵਾਕ ਪ੍ਰਕਾਰਜੀ

1. **ਅਰਥ ਪ੍ਰਕਾਰਜੀ** : ਜਿਹੜੇ ਸ਼ਬਦ ਅਰਥਾਂ ਦੇ ਪ੍ਰਕਾਰਜ ਦੀ ਦ੍ਰਿਸ਼ਟੀ ਤੋਂ ਕਾਰਜ ਨੂੰ ਨਿਭਾਉਂਦੇ ਹਨ, ਉਹਨਾਂ ਨੂੰ ਇਸ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ, ਇਸ ਦ੍ਰਿਸ਼ਟੀ ਤੋਂ ਪੰਜਾਬੀ ਸ਼ਬਦਾਂ ਨੂੰ ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ ਆਦਿ ਸ਼੍ਰੇਣੀਆਂ ਵਿੱਚ ਰੱਖਿਆ ਜਾਂਦਾ ਹੈ।

2. **ਵਾਕ ਪ੍ਰਕਾਰਜੀ** : ਇਸ ਵਰਗ ਵਿੱਚ ਕੇਵਲ ਉਹਨਾਂ ਸ਼ਬਦਾਂ ਨੂੰ ਰੱਖਿਆ ਜਾਂਦਾ ਹੈ। ਜਿਨ੍ਹਾਂ ਦਾ ਪ੍ਰਕਾਰਜ ਵਾਕ ਪੱਧਰ ਤੇ ਦ੍ਰਿਸ਼ਟੀ ਗੋਚਰ ਹੁੰਦਾ ਹੈ। ਇਸ ਵਰਗ ਵਿੱਚ ਸੰਬੰਧਕ, ਯੋਜਕ ਸ਼੍ਰੇਣੀਆਂ ਦੇ ਸ਼ਬਦ ਆਉਂਦੇ ਹਨ।

ਜਿਵੇਂ: ਰਾਮ ਨੇ ਸ਼ਾਮ ਨੂੰ ਮਾਰਿਆ।

## 5.) ਬਣਤਰ ਦੇ ਆਧਾਰ ਤੇ ਵਰਗੀਕਰਨ :

ਕਿਸੇ ਭਾਸ਼ਾ ਵਿੱਚ ਸ਼ਬਦ ਸਿਰਜਣ ਲਈ ਮੂਲ ਸ਼ਬਦਾਂ ਅਤੇ ਵਧੇਤਰਾਂ ਦੇ ਮੂਲ ਤੋਂ ਇਲਾਵਾ ਇੱਕ ਤੋਂ ਵੱਧ ਮੂਲ ਸ਼ਬਦਾਂ ਦੇ ਸਮੂਹਾਂ

ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿਧੀ ਨਾਲ ਬਣਨ ਵਾਲੇ ਸ਼ਬਦ ਹੇਠ ਲਿਖੇ ਅਨੁਸਾਰ ਹਨ:-

1. ਸਮਾਸੀ ਸ਼ਬਦ
2. ਸੰਖਿਪਤ ਸ਼ਬਦ
3. ਮਿਸ਼ਰਤੀ ਸ਼ਬਦ
4. ਦੋਹਰੁਕਤ ਸ਼ਬਦ

1. ਸਮਾਸੀ: ਇੱਕ ਤੋਂ ਵੱਧ ਮੂਲ ਸ਼ਬਦਾਂ ਦੇ ਜੋੜ ਤੋਂ ਬਣਿਆ ਸ਼ਬਦ ਸਮਾਸੀ ਸ਼ਬਦ ਕਹਾਉਂਦਾ ਹੈ।
ਜਿਵੇਂ:→ ਰਾਜ-ਤਿਲਕ, ਚੰਨ-ਚਾਨਣੀ, ਲੋਕ-ਗੀਤ, ਸਾਗਰ-ਤੱਟ।

2. ਸੰਖਿਪਤ ਸ਼ਬਦ:- ਇੱਕ ਤੋਂ ਵੱਧ ਸ਼ਬਦਾਂ ਦੇ ਸੁਮੇਲ ਲਈ ਉਹਨਾਂ ਦੀਆਂ ਇੱਕ-ਇੱਕ, ਦੋ-ਦੋ ਧੁਨੀਆਂ ਤੋਂ ਬਣੇ ਸ਼ਬਦ ਸੰਖਿਪਤ ਸ਼ਬਦ ਕਹਾਉਂਦੇ ਹਨ।
ਜਿਵੇਂ:→ ਪੀ.ਏ., ਡੀ.ਸੀ, ਐੱਮ. ਐੱਲ. ਏ. ਆਦਿ।

3. ਮਿਸ਼ਰਤੀ ਸ਼ਬਦ: ਇੱਕ ਤੋਂ ਵੱਧ ਸ਼ਬਦਾਂ ਦੇ ਮੁੱਢਲੇ ਅੱਖਰਾਂ ਦੇ ਮੇਲ ਤੋਂ ਬਣੇ ਸ਼ਬਦਾਂ ਨੂੰ ਮਿਸ਼ਰਤੀ ਸ਼ਬਦ ਕਿਹਾ ਜਾਂਦਾ ਹੈ।
ਜਿਵੇਂ: 1. ਗੁੜੰਬਾ (ਗੁੜ ਤੇ ਅੰਬ ਦੇ ਮੇਲ ਤੋਂ ਬਣੀ ਵਸਤੂ)
2. ਭਾਜਪਾ (ਭਾਰਤੀ ਜਨਤਾ ਪਾਰਟੀ)

4. ਦੋਹਰੁਕਤ ਸ਼ਬਦ: ਇਕੋ ਸ਼ਬਦਾਂ ਦੇ ਦੁਹਰਾਉ ਜਾਂ ਸਮਾਨਾਰਥੀ, ਵਿਰੋਧ ਅਰਥੀ ਸ਼ਬਦਾਂ ਦੇ ਮੇਲ ਤੋਂ ਬਣਿਆ ਸ਼ਬਦ ਦੋਹਰੁਕਤ ਸ਼ਬਦ ਕਹਾਉਂਦਾ ਹੈ।
ਜਿਵੇਂ: ਘਰ-ਘਰ, ਬਾਹਰੋਂ-ਬਾਹਰ, ਦੂਰ-ਨੇੜਿਓ, ਉੱਚਾ-ਨੀਵਾਂ, ਲਾਲ-ਸੁਰਖ ਆਦਿ।

6) ਅਰਥ ਸੰਬੰਧਾਂ ਦੇ ਆਧਾਰ ਤੇ ਵਰਗੀਕਰਨ: ਇਸ ਆਧਾਰ ਤੇ ਸ਼ਬਦ ਦੀਆਂ ਚਾਰ ਕਿਸਮਾਂ ਮੰਨੀਆਂ ਜਾਂਦੀਆਂ ਹਨ:

1. ਸਮਾਨ ਅਰਥੀ
2. ਵਿਰੋਧਾਰਥੀ
3. ਵਰਗਾਰਥੀ
4. ਅਨੇਕਾਰਥੀ

1. ਸਮਾਨਾਰਥੀ : ਇੱਕ ਅਰਥਾਂ ਨੂੰ ਪ੍ਰਗਟ ਕਰਨ ਵਾਲੇ ਵੱਖ-ਵੱਖ ਸ਼ਬਦ ਆਪਸ ਵਿੱਚ ਸਮਾਨਾਰਥੀ ਹੁੰਦੇ ਹਨ। ਜਿਵੇਂ : ਤੀਵੀਂ - ਜ਼ਨਾਨੀ, ਕਾਲ - ਸਮਾਂ, ਮੀਤ - ਸਜਣੀ,
2. ਵਿਰੋਧਾਰਥੀ ਸ਼ਬਦ :- ਆਪਸ ਵਿੱਚ ਅਰਥ ਵਿਰੋਧ ਵਾਲੇ ਸ਼ਬਦ ਵਿਰੋਧਆਰਥੀ ਸ਼ਬਦ ਹੁੰਦੇ ਹਨ। ਜਿਵੇਂ ਉੱਚ - ਨੀਚ, ਚੰਗਾ - ਮਾੜਾ, ਅਮੀਰ - ਗਰੀਬ . ਆਦਿ।
3. ਵਰਗਾਰਥੀ : ਸਾਂਝੇ ਅਰਥਾਂ ਵਾਲੇ ਸ਼ਬਦ ਵਰਗਾਰਥੀ ਸ਼ਬਦ ਹੁੰਦੇ ਹਨ। ਇੱਕ ਵਰਗ ਦੇ ਸਾਰੇ ਸ਼ਬਦਾਂ ਦਾ ਸੂਚਕ ਕਈ ਵਾਰ ਇੱਕ ਵੱਖਰਾ ਸ਼ਬਦ ਵੀ ਵਰਤਿਆ ਜਾਂਦਾ ਹੈ।

| ਵਰਗ | | ਵਰਗਾਰਥੀ |
|---|---|---|
| 1. ਰਿਸ਼ਤੇਦਾਰੀ | – | ਭੈਣ, ਭਰਾ, ਚਾਚਾ, ਮਾਮਾ, ਤਾਇਆ |
| 2. ਜਾਨਵਰ | – | ਗਾਂ, ਮੱਝ, ਘੋੜਾ, ਊਠ, ਹਾਥੀ। |
| 3. ਪੀਣ ਵਾਲੇ ਪਦਾਰਥ | – | ਦੁੱਧ, ਲੱਸੀ, ਪਾਣੀ। |

4. ਅਨੇਕਾਰਥੀ ਸ਼ਬਦ :- ਜਿਨ੍ਹਾਂ ਸ਼ਬਦਾਂ ਦੇ ਇੱਕ ਤੋਂ ਵੱਧ ਅਰਥ ਨਿਕਲਦੇ ਹਨ ਉਨ੍ਹਾਂ ਨੂੰ ਅਨੇਕਾਰਥੀ ਸ਼ਬਦ ਕਿਹਾ ਜਾਂਦਾ ਹੈ।

ਜਿਵੇਂ :- ਉੱਤਰ :- ਜਵਾਬ, ਦਿਸ਼ਾ।
ਸੂਈ :- ਕੱਪੜੇ ਸੀਣ ਵਾਲੀ, ਘੜੀ ਦੀ ਸੂਈ, ਮੱਝ, ਗਾਂ।
ਹਾਰ :- ਅਸਫ਼ਲ, ਗਲ਼ ਚ ਪਾਉਣ ਵਾਲਾ।

• ਸੋ ਇਸ ਪ੍ਰਕਾਰ ਪੰਜਾਬੀ ਦੀ ਸ਼ਬਦ ਬਣਤਰ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸ਼ਬਦ ਰੂਪਾਂਤਰਨ ਤੇ ਰਚਨਾ ਇਕਾਈ ਤੋਂ ਕਰਕੇ ਆਪਣੇ ਤੋਂ ਵੱਡੀਆਂ ਇਕਾਈਆਂ ਦੀ ਸਿਰਜਣਾ ਕਰਦਾ ਹੈ।